Maternity leave changes - Punjabi

**PL507 (Rev 3)**

# ਮੈਟਰਨਿਟੀ ਲੀਵ (ਬੱਚੇ ਦੀ ਮਾਤਾ ਲਈ ਛੁੱਟੀ) ਵਿਚ ਤਬਦੀਲੀਆਂ

ਮੁੱਢਲਾ ਖ਼ੁਲਾਸਾ

ਸਰਕਾਰ ਕੰਮ ਕਰਨ ਵਾਲੇ ਮਾਪਿਆਂ ਦੀ ਮੱਦਦ ਕਰਨ ਲਈ ਵਚਨਵੱਧ ਹੈ। **ਜਿਨ੍ਹਾਂ ਔਰਤਾਂ ਦੇ ਬੱਚੇ ਦੇ ਜਨਮ ਦੀ ਉਮੀਦ ਦਾ ਹਫ਼ਤਾ (ਈ ਡਵਲਊ ਸੀ) (expected week of childbirth (EWC)) 6 ਅਪ੍ਰੈਲ 2003 ਨੂੰ ਜਾਂ ਇਸ ਤੋਂ ਬਾਅਦ ਆਉਂਦਾ ਹੈ, ਮੈਟਰਨਿਟੀ ਲੀਵ ਦੇ ਹੱਕਾਂ ਵਿਚ ਤਬਦੀਲੀਆਂ ਕਾਰਨ ਉਨ੍ਹਾਂ ਨੂੰ ਲਾਭ ਹੋਏਗਾ।**

ਇਹਦੇ ਨਾਲ ਹੀ ਸਰਕਾਰ ਬੱਚਾ ਗੋਦ ਲੈਣ ਵਾਲਿਆਂ ਲਈ ਮਾਲੀ ਮੱਦਦ ਅਤੇ ਪੈਟਰਨਿਟੀ ਲੀਵ (ਪਿਤਾ ਲਈ ਛੁੱਟੀ), ਅਤੇ ਛੋਟੇ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਮਾਪਿਆਂ ਲਈ ਕੰਮ ਦੇ ਘੰਟੇ ਲੋੜ ਅਨੁਸਾਰ ਬਦਲੇ ਜਾ ਸਕਣ ਦੇ ਹੱਕ ਵੀ ਦੇ ਰਹੀ ਹੈ। ਪੈਰੈਂਟਲ ਲੀਵ ਅਤੇ ਨਿਰਭਰ ਲੋਕਾਂ ਦੀ ਦੇਖਭਾਲ ਕਰਨ ਲਈ ਕੰਮ ਤੋਂ ਸਮਾਂ ਕੱਢਣ ਦੇ ਮੌਜੂਦਾ ਹੱਕਾਂ ਦੇ ਨਾਲ ਮਿਲ ਕੇ ਇਹ ਨਵੇਂ ਹੱਕ ਮਾਪਿਆਂ ਨੂੰ ਕੰਮ ਅਤੇ ਪਰਵਾਰ ਦੀ ਜ਼ਿੰਦਗੀ ਚੰਗੀ ਤੇ ਸੰਤੁਲਤ ਬਣਾਉਣ ਲਈ ਪਹਿਲਾਂ ਨਾਲੋਂ ਵੱਧ ਮੌਕੇ ਦਿੰਦੇ ਹਨ। ਇਹ ਕਾਰੋਬਾਰਾਂ ਨਾਲ ਢੁੱਕਵੇਂ ਹਨ ਅਤੇ ਇਨ੍ਹਾਂ ਨੂੰ ਵੱਧ ਯੋਗ ਬਣਾਉਂਦੇ ਹਨ।

ਇਹ ਪਰਚਾ ਮੈਟਰਨਿਟੀ ਲੀਵ ਦੀਆਂ ਮੁੱਖ ਤਬਦੀਲੀਆਂ ਬਾਰੇ ਸਿਰਫ਼ ਮੁੱਢਲੀ ਜਾਣਕਾਰੀ ਦਿੰਦਾ ਹੈ - ਮੈਟਰਨਿਟੀ ਲੀਵ ਸੰਬੰਧੀ ਜਣੇਪੇ ਤੋਂ ਪਹਿਲਾਂ ਛੁੱਟੀ ਲੈਣਾ, ਬੱਚੇ ਦੇ ਜਨਮ ਤੋਂ ਬਾਅਦ ਦੋ ਹਫ਼ਤਿਆਂ ਦੀ ਜ਼ਰੂਰੀ ਛੁੱਟੀ ਲੈ ਸਕਣ, ਜਣੇਪੇ ਵਿਚ ਸਿਹਤ ਦੀ ਹਿਫ਼ਾਜ਼ਤ ਦੇ ਪ੍ਰਬੰਧਾਂ ਅਤੇ ਗੰਭੀਰ ਹਾਲਤਾਂ ਦਾ ਇਲਾਜ ਕਰਵਾਉਣ ਦੇ ਹੱਕਾਂ ਤੋਂ ਇਲਾਵਾ ਹੋਰ ਕਈ ਹੱਕਾਂ ਅਤੇ ਇਕਰਾਰਨਾਮਿਆਂ ਵਿਚ ਕੋਈ ਤਬਦੀਲੀ ਨਹੀਂ ਆਈ। ਇਹ ਪਰਚਾ ਤਬਦੀਲੀਆਂ ਬਾਰੇ ਵਿਸਥਾਰ ਵਿਚ ਜਾਣਕਾਰੀ ਨਹੀਂ ਦਿੰਦਾ ਹੈ ਅਤੇ ਇਸ ਨੂੰ ਕਾਨੂੰਨ ਦਾ ਅਧਿਕਾਰਤ ਬਿਆਨ ਨਹੀਂ ਸਮਝ ਲੈਣਾ ਚਾਹੀਦਾ ਹੈ।

**ਇਸ ਪਰਚੇ ਦਾ ਨਵਾਂ ਰੂਪ ਇਸ ਇੰਟਰਨੈੱਟ ਸਾਈਟ ਤੇ ਪੜ੍ਹਿਆ ਜਾ ਸਕਦਾ ਹੈ - www.dti.gov.uk/er/matleafr.htm. ਹੁਣ ਦੇ ਅਤੇ ਨਵੇਂ ਹੱਕਾਂ ਬਾਰੇ ਵਧੇਰੇ ਜਾਣਕਾਰੀ *Maternity rights* (PL 958) (ਜਣੇਪੇ ਸਮੇਂ ਦੇ ਹੱਕ)ਇਸ ਵੈੱਬਸਾਈਟ www.dti.gov.uk/er/maternity.htm ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰ ਲਾਈਨ (DTI Publications Orderline) ਤੋਂ ਵੀ ਮਿਲ ਸਕਦੀ ਹੈ। (ਰਾਬਤਾ ਕਰਨ ਬਾਰੇ ਜਾਣਕਾਰੀ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ)।**

**ਰੁਜ਼ਗਾਰ ਸੰਬੰਧੀ ਹੋਰ ਮੁੱਦਿਆਂ ਬਾਰੇ ਵਧੇਰੇ ਜਾਣਕਾਰੀ ਇਸ ਵੈੱਬਸਾਈਟ www.dti.gov.uk/er ਤੋਂ ਵੀ ਮਿਲ ਸਕਦੀ ਹੈ।**

**ਫ਼ਰਬਰੀ 2003**

## ਮੈਟਰਨਿਟੀ ਲੀਵ (ਜਣੇਪਾ ਛੁੱਟੀ) ਵਿਚ ਤਬਦੀਲੀਆਂ

**6 ਅਪ੍ਰੈਲ** 2003 ਨੂੰ ਜਾਂ ਇਸ ਤੋਂ ਬਾਅਦ ਬੱਚੇ ਨੂੰ ਜਨਮ ਦੇਣ ਵਾਲੀਆਂ ਔਰਤਾਂ ਅਤੇ ਉਨ੍ਹਾਂ ਦੇ ਰੁਜ਼ਗਾਰਦਾਤਿਆਂ ਲਈ, ਜਿਨ੍ਹਾਂ ਨੂੰ ਮੈਟਰਨਿਟੀ ਲੀਵ ਦੇ ਸੋਧੇ ਹੋਏ ਅਤੇ ਸੌਖੀ ਤਰ੍ਹਾਂ ਸਮਝ ਆ ਸਕਣ ਵਾਲੇ ਹੱਕਾਂ ਤੋਂ ਲਾਭ ਹੋਵੇਗਾ।

### ਸ਼ੁਰੂ ਹੋਣ ਦੀਆਂ ਤਾਰੀਖਾਂ

ਉਹ ਔਰਤਾਂ ਜਿਨ੍ਹਾਂ ਦੇ ਬੱਚੇ ਦੇ ਜਨਮ ਦੀ ਉਮੀਦ ਦਾ ਹਫ਼ਤਾ (ਈ ਡਬਲਿਊ ਸੀ) 6 ਅਪ੍ਰੈਲ 2003 ਨੂੰ ਜਾਂ ਇਸ ਤੋਂ ਬਾਅਦ ਆਉਂਦਾ ਹੈ, ਮੈਟਰਨਿਟੀ ਲੀਵ ਦੇ ਨਵੇਂ ਪ੍ਰਬੰਧਾਂ ਤੋਂ ਫ਼ਾਇਦਾ ਉਠਾ ਸਕਣਗੀਆਂ।

ਜਿਨ੍ਹਾਂ ਔਰਤਾਂ ਦੇ ਬੱਚੇ ਦੇ ਜਨਮ ਦੀ ਉਮੀਦ ਦਾ ਹਫ਼ਤਾ (ਈ ਡਬਲਿਊ ਸੀ) 6 ਅਪ੍ਰੈਲ 2003 ਨੂੰ ਜਾਂ ਇਸ ਤੋਂ ਬਾਅਦ ਹੈ, ਨਵੇਂ ਪ੍ਰਬੰਧਾਂ ਤੋਂ ਫ਼ਾਇਦਾ ਉਠਾ ਸਕਣਗੀਆਂ, ਭਾਵੇਂ ਉਨ੍ਹਾਂ ਦੇ ਬੱਚੇ ਦਾ ਜਨਮ ਇਸ ਤੋਂ ਪਹਿਲਾਂ ਹੋ ਗਿਆ ਹੈ।

ਮੈਟਰਨਿਟੀ ਲੀਵ ਦੀਆਂ ਤਬਦੀਲੀਆਂ ਦੇ ਪ੍ਰਬੰਧ ਉਨ੍ਹਾਂ ਔਰਤਾਂ ਤੇ ਲਾਗੂ ਨਹੀਂ ਹੁੰਦੇ ਜਿਨ੍ਹਾਂ ਦੇ ਬੱਚੇ ਦੇ ਜਨਮ ਦੀ ਉਮੀਦ ਦਾ ਹਫ਼ਤਾ (ਈ ਡਬਲਿਊ ਸੀ) 6 ਅਪ੍ਰੈਲ 2003 ਤੋਂ ਪਹਿਲਾਂ ਆਉਂਦਾ ਹੈ, ਭਾਵੇਂ ਉਨ੍ਹਾਂ ਦਾ ਬੱਚਾ 6 ਅਪ੍ਰੈਲ 2003 ਨੂੰ ਜਾਂ ਇਸ ਤੋਂ ਬਾਅਦ ਪੈਦਾ ਹੁੰਦਾ ਹੈ।

### ਮੈਟਰਨਿਟੀ ਲੀਵ ਦਾ ਸਮਾਂ

ਸਧਾਰਣ ਮੈਟਰਨਿਟੀ ਲੀਵ ਦਾ ਸਮਾਂ ਵਧਾ ਦਿੱਤਾ ਗਿਆ ਹੈ ਅਤੇ ਕੰਮ ਕਰਨ ਵਾਲੀਆਂ ਗਰਭਵਤੀਆਂ 26 ਹਫ਼ਤਿਆਂ ਦੀ **ਆਮ ਮੈਟਰਨਿਟੀ ਲੀਵ** ਦੀਆਂ ਹੱਕਦਾਰ ਹੋਣਗੀਆਂ, ਭਾਵੇਂ ਉਨ੍ਹਾਂ ਨੇ ਆਪਣੇ ਰੁਜ਼ਗਾਰਦਾਤੇ ਲਈ ਥੋੜੇ ਸਮੇਂ ਲਈ ਕੰਮ ਕੀਤਾ ਹੋਵੇ ਜਾਂ ਲੰਬੇ ਸਮੇਂ ਲਈ।

ਸਾਧਾਰਣ ਮੈਟਰਨਿਟੀ ਲੀਵ ਆਮ ਤੌਰ ਤੇ ਤਨਖ਼ਾਹ ਸਮੇਤ ਹੁੰਦੀ ਹੈ।

ਉਹ ਔਰਤਾਂ ਜਿਨ੍ਹਾਂ ਨੇ ਆਪਣੇ ਮਾਲਕਾਂ ਲਈ ਈ ਡਬਲਊ ਸੀ ਦੇ 14 ਹਫ਼ਤਿਆਂ ਦਾ ਸਮਾਂ ਸ਼ੁਰੂ ਹੋਣ ਤੋਂ ਪਹਿਲਾਂ 26 ਹਫ਼ਤੇ ਲਗਾਤਾਰ ਕੰਮ ਕੀਤਾ ਹੋਏਗਾ, **ਵਾਧੂ ਮੈਟਰਨਿਟੀ ਲੀਵ** ਦੀਆਂ ਹੱਕਦਾਰ ਹੋ ਸਕਦੀਆਂ ਹਨ। ਵਾਧੂ ਮੈਟਰਨਿਟੀ ਲੀਵ ਸਾਧਾਰਣ ਮੈਟਰਨਿਟੀ ਲੀਵ ਤੋਂ ਇਕ ਦਮ ਬਾਅਦ ਸ਼ੁਰੂ ਕੀਤੀ ਜਾ ਸਕਦੀ ਹੈ ਤੇ ਹੋਰ 26 ਹਫ਼ਤਿਆਂ ਤਕ ਜਾਰੀ ਰਹਿ ਸਕਦੀ ਹੈ।

ਵਾਧੂ ਮੈਟਰਨਿਟੀ ਲੀਵ ਆਮ ਤੌਰ ਤੇ ਬਿਨਾਂ ਤਨਖ਼ਾਹ ਦੇ ਹੁੰਦੀ ਹੈ ਭਾਵੇਂ ਔਰਤ ਦੇ ਇਕਰਾਰਨਾਮੇ ਦੇ ਹੱਕਾਂ ਵਿਚ ਇਸ ਲਈ ਤਨਖ਼ਾਹ ਦੇਣਾ ਸ਼ਾਮਲ ਵੀ ਹੋ ਸਕਦਾ ਹੈ।

### ਮੈਟਰਨਿਟੀ ਲੀਵ ਲੈਣ ਦੇ ਇਰਾਦੇ ਬਾਰੇ ਦੱਸਣਾ

ਗਰਭਵਤੀ ਮੁਲਾਜ਼ਮ ਔਰਤਾਂ ਨੂੰ ਈ ਡਬਲਊ ਸੀ (ਬੱਚੇ ਦੇ ਜਨਮ ਦੀ ਉਮੀਦ ਦਾ ਹਫ਼ਤਾ) ਦੇ ਸ਼ੁਰੂ ਹੋਣ ਤੋਂ 15 ਹਫ਼ਤੇ ਪਹਿਲਾਂ ਆਪਣੇ ਕੰਮ ਦੇ ਮਾਲਕ ਨੂੰ ਇਹ ਛੁੱਟੀ ਲੈਣ ਬਾਰੇ ਦੱਸਣਾ ਪਏਗਾ ਜੇ ਇਹ ਅਮਲੀ ਤੌਰ ਤੇ ਮੁਸ਼ਕਲ ਨਾ ਹੋਵੇ। ਉਸ ਨੂੰ ਆਪਣੇ ਕੰਮ ਦੇ ਮਾਲਕ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ ਕਿ -

- ਉਹ ਗਰਭਵਤੀ ਹੈ
- ਬੱਚੇ ਦੇ ਜਨਮ ਦੀ ਉਮੀਦ ਦਾ ਹਫ਼ਤਾ ਕਿਹੜਾ ਹੈ

- ਉਹ ਛੁੱਟੀ ਕਦੋਂ ਲੈਣਾ ਚਾਹੁੰਦੀ ਹੈ।

ਔਰਤ ਆਪਣੀ ਛੁੱਟੀ ਬਾਰੇ ਆਪਣਾ ਵਿਚਾਰ ਬਦਲ ਵੀ ਸਕਦੀ ਹੈ ਬਸ਼ਰਤਿ ਕਿ ਉਹ ਆਪਣੇ ਕੰਮ ਦੇ ਮਾਲਕ ਨੂੰ ਇਸ ਬਾਰੇ ਘੱਟੋ ਘੱਟ 28 ਦਿਨ ਪਹਿਲਾਂ ਦੱਸ ਦੇਵੇ (ਜੇ ਅਜਿਹਾ ਕਰਨਾ ਅਮਲੀ ਤੌਰ ਤੇ ਨਾ ਮੁਮਕਿਨ ਨਹੀਂ)।

ਕੰਮ ਦੇ ਮਾਲਿਕ ਨੂੰ ਔਰਤ ਵਲੋਂ ਛੁੱਟੀ ਬਾਰੇ ਦਿੱਤੇ ਗਏ ਨੋਟਿਸ ਤੋਂ ਬਾਅਦ 28 ਦਿਨਾਂ ਦੇ ਅੰਦਰ ਅੰਦਰ ਇਸ ਦਾ ਜਵਾਬ ਦੇਣਾ ਪਏਗਾ ਜੇਕਰ ਉਸ ਨੇ ਇਹ ਤਾਰੀਖ ਬਦਲ ਨਾ ਦਿੱਤੀ ਹੋਵੇ। ਇਸ ਹਾਲਤ ਵਿਚ ਕੰਮ ਦੇ ਮਾਲਕ ਨੂੰ ਮੈਟਰਨਿਟੀ ਲੀਵ ਸ਼ੁਰੂ ਹੋਣ ਤੋਂ 28 ਦਿਨ ਪਹਿਲਾਂ ਜ਼ਰੂਰ ਜਵਾਬ ਦੇਣਾ ਚਾਹੀਦਾ ਹੈ। ਕੰਮ ਦੇ ਮਾਲਕ ਨੂੰ ਆਪਣੇ ਕਰਮਚਾਰੀ ਨੂੰ ਉਸ ਦੇ ਮੁੜ ਕੇ ਕੰਮ 'ਤੇ ਆਉਣ ਵਾਲੀ ਤਾਰੀਖ ਬਾਰੇ, ਜੇਕਰ ਉਸ ਨੇ ਆਪਣੀ ਪੂਰੀ ਹੱਕੀ ਮੈਟਰਨਿਟੀ ਲੀਵ ਲੈਣੀ ਹੈ, ਲਿਖਤੀ ਰੂਪ ਵਿਚ ਦੱਸਣਾ ਪਏਗਾ। ਇਸ ਖ਼ਤ ਦਾ ਨਮੂਨਾ ਕੰਮ ਦੇ ਮਾਲਕ ਨੂੰ (ਜੇਕਰ ਵਰਤਣਾ ਹੈ) ਜੇ ਚਾਹੀਦਾ ਹੋਵੇ ਤਾਂ ਇਹ ਮੈਟਰਨਿਟੀ ਰਾਈਟਸ (ਪੀ ਐੱਲ 958) (*Maternity rights* (PL 958)) ਜੋ ਕਿ ਇਸ ਵੈੱਬਸਾਈਟ ਤੋਂ ਮਿਲ ਸਕਦਾ ਹੈ ਤੇ www.dti.gov.uk/er/maternity.htm ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰ ਲਾਈਨ 'ਤੇ ਆਰਡਰ ਕਰਕੇ ਮਿਲ ਸਕਦਾ ਹੈ (ਰਾਬਤਾ ਕਰਨ ਬਾਰੇ ਜਾਣਕਾਰੀ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ)।
ਇਸ ਗੱਲ ਬਾਰੇ ਕੋਈ ਤਬਦੀਲੀ ਨਹੀਂ ਹੋਈ ਕਿ ਔਰਤ ਆਪਣੀ ਛੁੱਟੀ ਕਦੋਂ ਤੋਂ ਲੈ ਸਕਦੀ ਹੈ - ਪਹਿਲਾਂ ਵਾਂਗ ਬੱਚੇ ਦੇ ਜਨਮ ਦੀ ਆਸ ਤੋਂ ਘੱਟੋ ਘੱਟ 11 ਹਫ਼ਤੇ ਪਹਿਲਾਂ ਲੈ ਸਕਦੀ ਹੈ।

### ਮੈਟਰਨਿਟੀ ਲੀਵ ਤੋਂ ਬਾਅਦ ਕੰਮ 'ਤੇ ਆਉਣਾ

ਕੰਮ ਦਾ ਮਾਲਕ ਔਰਤ ਨੂੰ ਹੁਣ ਉਸ ਦੀ ਸਾਧਾਰਣ ਮੈਟਰਨਿਟੀ ਲੀਵ ਖ਼ਤਮ ਹੋਣ ਤੋਂ ਪਹਿਲਾਂ ਇਹ ਨਹੀਂ ਪੁੱਛ ਸਕਦਾ ਕਿ ਉਸ ਦਾ ਬੱਚਾ ਕਦੋਂ ਪੈਦਾ ਹੋਇਆ ਸੀ ਅਤੇ ਜੇਕਰ ਉਹ ਆਪਣੀ ਵਾਧੂ ਮੈਟਰਨਿਟੀ ਲੀਵ ਤੋਂ ਬਾਅਦ ਕੰਮ 'ਤੇ ਆਉਣਾ ਚਾਹੁੰਦੀ ਹੈ ਕਿ ਨਹੀਂ। ਇਸ ਦਾ ਮਤਲਬ ਇਹ ਹੈ ਕਿ ਜੋ ਔਰਤ ਆਪਣੀ ਪੂਰੀ ਮੈਟਰਨਿਟੀ ਲੀਵ ਤੋਂ ਬਾਅਦ ਕੰਮ 'ਤੇ ਆਉਣਾ ਚਾਹੁੰਦੀ ਹੈ, ਉਸ ਨੂੰ ਆਪਣੇ ਕੰਮ ਦੇ ਮਾਲਕ ਨੂੰ ਕੋਈ ਵੀ ਹੋਰ ਨੋਟਿਸ ਦੇਣ ਦੀ ਲੋੜ ਨਹੀਂ ਹੈ।

ਜੋ ਔਰਤ ਆਪਣੀ ਮੈਟਰਨਿਟੀ ਲੀਵ ਖ਼ਤਮ ਹੋਣ ਤੋਂ **ਪਹਿਲਾਂ** ਕੰਮ 'ਤੇ ਆਉਣਾ ਚਾਹੁੰਦੀ ਹੈ, ਉਸ ਨੂੰ ਕੰਮ ਦੇ ਮਾਲਕ ਨੂੰ ਆਪਣੇ ਵਾਪਸ ਆਉਣ ਦੀ ਤਾਰੀਖ ਤੋਂ 28 ਦਿਨ ਪਹਿਲਾਂ ਨੋਟਿਸ ਦੇ ਕੇ ਦੱਸਣਾ ਪਏਗਾ ਕਿ ਉਹ ਕੰਮ 'ਤੇ ਵਾਪਸ ਆਉਣਾ ਚਾਹੁੰਦੀ ਹੈ।

### ਬੀਮਾਰੀ ਦੀ ਹਾਲਤ

ਔਰਤ ਦੀ ਮੈਟਰਨਿਟੀ ਲੀਵ ਉਸ ਦਿਨ ਤੋਂ ਆਪਣੇ ਆਪ ਹੀ ਸ਼ੁਰੂ ਹੋ ਜਾਂਦੀ ਹੈ ਜੇ ਉਹ ਬੱਚੇ ਦੇ ਜਨਮ ਦੀ ਆਸ ਦੇ ਹਫ਼ਤੇ ਤੋਂ 4 ਹਫ਼ਤੇ ਪਹਿਲਾਂ ਕਿਸੇ ਜਣੇਪਾ ਤਕਲੀਫ਼ ਕਾਰਣ ਕੰਮ ਤੋਂ ਗ਼ੈਰਹਾਜ਼ਰ ਸੀ। ਇਸ ਹਾਲਤ ਵਿਚ ਇਸ ਗੱਲ ਵਲ ਕੋਈ ਧਿਆਨ ਨਹੀਂ ਦਿੱਤਾ ਜਾਏਗਾ ਕਿ ਉਸ ਨੇ ਛੁੱਟੀ ਲੈਣ ਬਾਰੇ ਕਦ ਤੋਂ ਕਿਹਾ ਸੀ।

## ਹੋਰ ਤਬਦੀਲੀਆਂ

### ਸਟੈਚੁਟਰੀ ਮੈਟਰਨਿਟੀ ਪੇਅ ਅਤੇ ਮੈਟਰਨਿਟੀ ਅਲਾਊਂਸ (ਐੱਸ ਐਮ ਪੀ ਜਾਂ ਐੱਮ ਏ) (ਬੱਚੇ ਦੀ ਮਾਤਾ ਲਈ ਕਾਨੂੰਨੀ ਤਨਖਾਹ ਅਤੇ ਅਲਾਊਂਸ) (Statutory Maternity Pay and Maternity Allowance)

ਡਿਪਾਰਟਮੈਂਟ ਫ਼ਾਰ ਵਰਕ ਐਂਡ ਪੈਨਸ਼ਨਜ਼ ਸਟੈਚੁਟਰੀ ਮੈਟਰਨਿਟੀ ਪੇਅ (ਐੱਸ ਐਮ ਪੀ) ਅਤੇ ਮੈਟਰਨਿਟੀ ਅਲਾਊਂਸ (ਐੱਮ ਏ) ਵਿਚ ਤਬਦੀਲੀਆਂ ਲਿਆ ਰਿਹਾ ਹੈ। ਇਸ ਵਿਚ ਜ਼ਿਆਦਾ ਮਹੱਤਵਪੂਰਣ ਤਬਦੀਲੀ ਐੱਸ ਐਮ ਪੀ ਜਾਂ ਐੱਮ ਏ ਦੇ ਸਮੇਂ ਅਤੇ ਮਿਲਣ ਵਾਲੇ ਪੈਸਿਆਂ ਨੂੰ ਵਧਾਉਣ ਬਾਰੇ ਹੈ।

ਜੋ ਔਰਤਾਂ ਐੱਸ ਐਮ ਪੀ ਜਾਂ ਐੱਮ ਏ ਦੀਆਂ ਹੱਕਦਾਰ ਹਨ, ਅਤੇ ਜਿਨ੍ਹਾਂ ਦੇ ਬੱਚੇ ਦੇ ਜਨਮ ਦੀ ਆਸ ਦਾ ਹਫ਼ਤਾ 6 ਅਪ੍ਰੈਲ 2003 ਜਾਂ ਇਸ ਤੋਂ ਬਾਅਦ ਆਉਂਦਾ ਹੈ, ਉਹ ਐੱਸ ਐਮ ਪੀ ਜਾਂ ਐੱਮ ਏ 26 ਹਫ਼ਤਿਆਂ ਤਕ ਲੈ ਸਕਦੀਆਂ ਹਨ।

ਜੋ ਔਰਤਾਂ ਐੱਸ ਐਮ ਪੀ ਜਾਂ ਐੱਮ ਏ ਦੀਆਂ ਹੱਕਦਾਰ ਹਨ, ਅਤੇ ਜਿਨ੍ਹਾਂ ਦੇ ਬੱਚੇ ਦੇ ਜਨਮ ਦੀ ਆਸ ਦਾ ਹਫ਼ਤਾ 6 ਅਪ੍ਰੈਲ 2003 ਜਾਂ ਇਸ ਤੋਂ ਬਾਅਦ ਆਉਂਦਾ ਹੈ ਪਰ ਉਨ੍ਹਾਂ ਦਾ ਬੱਚਾ ਪਹਿਲਾਂ ਪੈਦਾ ਹੋ ਜਾਂਦਾ ਹੈ, ਉਹ ਵੀ ਐੱਸ ਐਮ ਪੀ ਜਾਂ ਐੱਮ ਏ 26 ਹਫ਼ਤਿਆਂ ਤਕ ਲੈ ਸਕਦੀਆਂ ਹਨ।

6 ਅਪ੍ਰੈਲ 2003 ਤੋਂ ਐੱਸ ਐਮ ਪੀ ਅਤੇ ਐੱਮ ਏ ਮੌਜੂਦਾ £75 ਫ਼ੀ ਹਫ਼ਤਾ ਤੋਂ ਵਧਾ ਕੇ £100 ਫ਼ੀ ਹਫ਼ਤਾ ਕਰ ਦਿੱਤੇ ਜਾਣਗੇ (ਜਾਂ ਔਰਤ ਦੀ ਔਸਤ ਆਮਦਨ ਦਾ 90% ਜੇ ਇਹ £100 ਤੋਂ ਘੱਟ ਹੈ)। ਹੁਣ ਦੇ ਆਮਦਨ-ਰੀਲੇਟਡ ਐੱਸ ਐਮ ਪੀ ਦੇ ਰੇਟ ਵਿਚ ਕੋਈ ਤਬਦੀਲੀ ਨਹੀਂ ਆਈ ਹੈ(ਹਫ਼ਤੇ ਦੀ 90% ਔਸਤਨ ਆਮਦਨ) ਜੋ ਕਿ ਪਹਿਲੇ 6 ਹਫ਼ਤਿਆਂ ਤਕ ਮਿਲੇਗੀ।

ਨਵੇਂ ਸਟੈਂਡਰਡ ਰੇਟ 6 ਅਪ੍ਰੈਲ 2003 ਤੋਂ ਉਨ੍ਹਾਂ ਸਭ ਔਰਤਾਂ ਤੇ ਲਾਗੂ ਹੁੰਦੇ ਹਨ ਜੋ ਐੱਸ ਐਮ ਪੀ ਜਾਂ ਐੱਮ ਏ ਦੀਆਂ ਹੱਕਦਾਰ ਹੋਣਗੀਆਂ, ਭਾਵੇਂ ਉਨ੍ਹਾਂ ਦਾ ਬੱਚਾ ਕਦੀ ਵੀ ਪੈਦਾ ਹੋਵੇ, ਜਾਂ ਭਾਵੇਂ ਉਹ ਨਵੇਂ ਵਧਾਏ ਹੋਏ ਸਮੇਂ ਲਈਤਨਖ਼ਾਹ ਲੈਣ ਦੀਆਂ ਹੱਕਦਾਰ ਹਨ। ਹੁਣ ਦਾ £75 ਫ਼ੀ ਹਫ਼ਤੇ ਦਾ ਸਟੈਂਡਰਡ ਰੇਟ 5 ਅਪ੍ਰੈਲ 2003 ਤਕ ਲਾਗੂ ਹੁੰਦਾ ਹੈ।

ਜਦ ਇਹ ਤਬਦੀਲੀਆਂ ਪੂਰੀ ਤਰ੍ਹਾਂ ਲਾਗੂ ਹੋ ਜਾਣਗੀਆਂ, ਤਾਂ ਔਰਤਾਂ ਜਾਂ ਤਾਂ ਇਹ ਲੈ ਸਕਣਗੀਆਂ:

- ਆਪਣੇ ਕੰਮ ਦੇ ਮਾਲਕ ਤੋਂ ਆਪਣੀ 6 ਹਫ਼ਤਿਆਂ ਦੀ ਤਨਖ਼ਾਹ ਦੇ 90% ਬਰਾਬਰ ਦਾ ਐੱਸ ਐਮ ਪੀ, ਤੇ ਨਾਲ ਹੀ ਅਗ਼ਲੇ 20 ਹਫ਼ਤਿਆਂ ਲਈ £100 ਫ਼ੀ ਹਫ਼ਤਾ ( ਜਾਂ 26 ਹਫ਼ਤਿਆਂ ਦੀ ਕਮਾਈ ਦਾ 90% ਜੇ ਇਹ ਹਫ਼ਤੇ ਦੇ £100 ਤੋਂ ਘੱਟ ਹੈ)।

ਜਾਂ

ਆਪਣੇ ਲੋਕਲ ਜੌਬ ਸੈਂਟਰ ਪਲੱਸ / ਸੋਸ਼ਲ ਸਕਿਉਰਟੀ ਆਫ਼ਿਸ ਤੋਂ 26 ਹਫ਼ਤਿਆਂ ਲਈ £100 ਫ਼ੀ ਹਫ਼ਤਾ ਦੇ ਬਰਾਬਰ ਦਾ ਐੱਮ ਏ ( ਜਾਂ 26 ਹਫ਼ਤਿਆਂ ਦੀ ਕਮਾਈ ਦਾ 90% ਜੇ ਇਹ ਹਫ਼ਤੇ ਦੇ £100 ਤੋਂ ਘੱਟ ਹੈ)।

ਐੱਸ ਐਮ ਪੀ ਅਤੇ ਐੱਮ ਏ ਦੀਆਂ ਸਕੀਮਾਂ ਦੇ ਨਵੇਂ ਸੋਧੇ ਹੋਏ ਰੇਟਾਂ ਬਾਰੇ ਪੂਰੀ ਜਾਣਕਾਰੀ ਅਕਤੂਬਰ 2002 ਦੇ ਪਰਚੇ NI17A (October 2002 version) ਤੋਂ ਮਿਲ ਸਕਦੀ ਹੈ ਜੋ ਕਿ ਜੌਬ ਸੈਂਟਰ ਪਲੱਸ / ਸੋਸ਼ਲ ਸਕਿਉਰਟੀ ਆਫ਼ਿਸ ਤੋਂ ਮਿਲ ਸਕਦਾ ਹੈ। ਇਹ ਜਾਣਕਾਰੀ ਡੀਪਾਰਟਮੈਂਟ ਆੱਫ਼ ਵਰਕ ਤੇ ਪੈਨਸ਼ਨਜ਼ ਦੀ ਇਸ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ: www.dwp.gov.uk/lifeevent/famchild/fc_expecting_a_baby.htm

ਐੱਸ ਐਮ ਪੀ ਅਤੇ ਐੱਮ ਏ ਦੀਆਂ ਸਕੀਮਾਂ ਦੇ ਹੁਣ ਦੇ ਰੇਟਾਂ ਬਾਰੇ ਪੂਰੀ ਜਾਣਕਾਰੀ ਅਪ੍ਰੈਲ 2001 ਦੇ ਪਰਚੇ NI17A (April 2001 version) ਤੋਂ ਮਿਲ ਸਕਦੀ ਹੈ। ਪੂਰੀ ਜਾਣਕਾਰੀ ਉੱਪਰ ਦੱਸੀ ਡੀਪਾਰਟਮੈਂਟ ਆੱਫ਼ ਵਰਕ ਅਤੇ ਪੈਨਸ਼ਨਜ਼ ਦੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।

ਕੰਮ ਦੇ ਮਾਲਿਕਾਂ ਲਈ ਐੱਸ ਐਮ ਪੀ ਦੀ ਸਕੀਮ ਬਾਰੇ ਵਧੇਰੇ ਜਾਣਕਾਰੀ ਇੰਨਲੈਂਡ ਰੈਵੇਨਿਊ ਦੀ ਹੈਲਪ ਬੁੱਕ E15 *Pay and time off work for parents (ਈ 15 ਮਾਪਿਆਂ ਲਈ ਤਨਖ਼ਾਹ ਤੇ ਕੰਮ ਤੋਂ ਸਮਾਂ ਕੱਢਣਾ)*ਤੋਂ ਮਿਲ ਸਕਦੀ ਹੈ (ਕਾਪੀਆਂ 08457 646 646 'ਤੇ ਫ਼ੋਨ ਕਰਕੇ ਮੰਗਾਈਆਂ ਜਾ ਸਕਦੀਆਂ ਹਨ)। ਹੋਰ ਮੱਦਦ ਲਈ ਰੁਜ਼ਗਾਰਦਾਤੇ ਇੰਪਲਾਇਰਜ਼ ਹੈਲਪਲਾਈਨ ਨੰਬਰ 0845 714 3143 'ਤੇ ਫ਼ੋਨ ਕਰ ਸਕਦੇ ਹਨ।

**ਕੰਮ ਦੇ ਮਾਲਿਕ ਇਹ ਪੈਸੇ ਵਾਪਸ ਲੈ ਸਕਦੇ ਹਨ**

ਕੰਮ ਦੇਣ ਵਾਲੇ ਮੌਜੂਦਾ ਤਰੀਕਿਆਂ ਅਨੁਸਾਰ ਸਟੈਚੁਟਰੀ ਮੈਟਰਨਿਟੀ ਪੇ (ਐੱਸ ਐਮ ਪੀ) ਦੇ ਪੈਸੇ ਵਾਪਸ ਲੈ ਸਕਦੇ ਹਨ - ਉਹ ਦਿੱਤੇ ਗਏ ਪੈਸਿਆਂ ਦਾ 92% ਹਿੱਸਾ ਵਾਪਸ ਲੈ ਸਕਦੇ ਹਨ, ਅਤੇ ਜਿਨ੍ਹਾਂ ਨੂੰ ਸਮਾਲ ਐਂਪਲਾਇਰਜ਼ ਰੀਲੀਫ਼ (ਛੋਟੇ ਕਾਰੋਬਾਰਾਂ

ਦੇ ਮਾਲਿਕਾਂ ਨੂੰ ਮਿਲਣ ਵਾਲੀ ਛੋਟ) ਲੈਣ ਦਾ ਹੱਕ ਹੈ, ਉਹ 100% ਵਾਪਸ ਲੈ ਸਕਦੇ ਹਨ ਅਤੇ ਕਰਮਚਾਰੀਆਂ ਲਈ ਦਿੱਤੀ ਗਈ ਐੱਸ ਐਮ ਪੀ 'ਤੇ ਨੈਸ਼ਨਲ ਇੰਨਸ਼ੋਰੈਂਸ ਦੇ ਪੈਸੇ ਵੀ।

ਇਸ ਦੇ ਨਾਲ ਨਾਲ ਹੀ ਕੰਮ ਦੇ ਮਾਲਿਕ, ਨਵੇਂ ਪ੍ਰਬੰਧਾਂ ਮੁਤਾਬਕ ਐੱਸ ਐਮ ਪੀ ਦੇਣ ਲਈ ਪੈਸੇ ਇੰਨਲੈਂਡ ਰੈਵੇਨਿਊ ਤੋਂ ਪੇਸ਼ਗੀ ਵੀ ਲੈ ਸਕਦੇ ਹਨ।

## ਪਰਿਵਾਰ ਦੀ ਭਲਾਈ ਲਈ ਹੋਰ ਹੱਕ

### ਕੰਮ ਦੇ ਘੰਟਿਆਂ ਵਿਚ ਲੋੜ ਅਨੁਸਾਰ ਤਬਦੀਲੀ ਕਰ ਸਕਣ ਲਈ ਅਰਜ਼ੀ ਦੇਣ ਦਾ ਹੱਕ

ਛੋਟੇ ਅਤੇ ਨਿਰਯੋਗ ਬੱਚਿਆਂ ਦੇ ਮਾਪਿਆਂ ਲਈ ਕੰਮ ਦੇ ਘੰਟਿਆਂ ਵਿਚ ਲੋੜ ਅਨੁਸਾਰ ਤਬਦੀਲੀ ਕਰ ਸਕਣ ਦਾ ਹੱਕ ਬਣਾਇਆ ਜਾ ਰਿਹਾ ਹੈ। 6 ਅਪ੍ਰੈਲ 2003 ਤੋਂ ਛੇ ਸਾਲ ਤੋਂ ਘੱਟ ਉਮਰ ਦੇ ਅਤੇ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਨਿਰਯੋਗ ਬੱਚਿਆਂ ਦੇ ਮਾਪਿਆਂ ਨੂੰ ਹੱਕ ਹੋਏਗਾ ਕਿ ਉਹ ਲਚਕਦਾਰ ਢੰਗ ਨਾਲ ਕੰਮ ਕਰ ਸਕਣ ਲਈ ਅਰਜ਼ੀ ਦੇ ਸਕਣ। ਕੰਮ ਦੇ ਮਾਲਿਕਾਂ ਦਾ ਇਹ ਫ਼ਰਜ਼ ਹੋਏਗਾ ਕਿ ਉਹ ਇਨ੍ਹਾਂ ਅਰਜ਼ੀਆਂ 'ਤੇ ਗੰਭੀਰਤਾ ਨਾਲ ਵਿਚਾਰ ਕਰਨ।

ਪਰਚਾ ਪੀ ਐੱਲ 516, ਲੋੜ ਅਨੁਸਾਰ ਬਦਲੇ ਜਾ ਸਕਣ ਵਾਲੇ ਕੰਮ ਦੇ ਘੰਟੇ - ਬੇਨਤੀ ਕਰਨ ਦਾ ਹੱਕ (*Flexible working - the right to apply* (PL516) ਇਸ ਬਾਰੇ ਮੁੱਢਲੀ ਜਾਣਕਾਰੀ ਦਿੰਦਾ ਹੈ ਜੋ ਇਸ ਵੈੱਬਸਾਈਟ ਤੇ ਵੀ ਪੜ੍ਹਿਆ ਜਾ ਸਕਦਾ ਹੈ:
www.dti.gov.uk/er/individual/flexible-pl516.htm ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰ ਲਾਈਨ (DTI Publications Orderline) ਤੋਂ ਮੰਗਵਾਇਆ ਜਾ ਸਕਦਾ ਹੈ। (ਹੋਰ ਜਾਣਕਾਰੀ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ।

### ਤਨਖ਼ਾਹ ਸਮੇਤ ਪੈਟਰਨਿਟੀ ਲੀਵ (ਬੱਚੇ ਦੇ ਪਿਤਾ ਲਈ ਛੁੱਟੀ) ਦਾ ਹੱਕ

ਪੈਟਰਨਿਟੀ ਲੀਵ ਅਤੇ ਤਨਖ਼ਾਹ ਲੈਣ ਦਾ ਹੱਕ ਲਾਗੂ ਕੀਤਾ ਜਾ ਰਿਹਾ ਹੈ। ਹੱਕਦਾਰ ਕਰਮਚਾਰੀ ਬੱਚੇ ਅਤੇ ਬੱਚੇ ਦੀ ਮਾਤਾ ਦੀ ਦੇਖਭਾਲ ਕਰਨ ਲਈ ਦੋ ਹਫ਼ਤਿਆਂ ਤਕ ਤਨਖ਼ਾਹ ਸਮੇਤ ਛੁੱਟੀ ਲੈ ਸਕਣਗੇ। ਇਹ ਹੱਕ ਉਨ੍ਹਾਂ ਨੂੰ ਮਿਲੇਗਾ ਜਿਨ੍ਹਾਂ ਦਾ ਬੱਚਾ 6 ਅਪ੍ਰੈਲ 2003 ਨੂੰ ਜਾਂ ਬਾਅਦ ਵਿਚ ਪੈਦਾ ਹੋਇਆ ਜਾਂ ਹੋਣਾ ਹੈ।

ਪਰਚਾ *ਪੈਟਰਨਿਟੀ ਲੀਵ ਅਤੇ ਤਨਖ਼ਾਹ* (ਪੀ ਐੱਲ 514) (*Paternity leave and pay* (PL514) ਵਿਚ ਇਸ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ ਅਤੇ ਵਧੇਰੇ ਜਾਣਕਾਰੀ *Working fathers – rights to leave and* pay (PL 517) ਪਰਚੇ ਤੋਂ ਵੀ ਮਿਲ ਸਕਦੀ ਜੋ ਇਸ ਵੈੱਬਸਾਈਟ 'ਤੇ ਵੀ ਪੜ੍ਹਿਆ ਜਾ ਸਕਦਾ ਹੈ: *www.dti.gov.uk/er/paternity.htm* ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰ ਲਾਈਨ ਤੋਂ ਮੰਗਵਾਇਆ ਜਾ ਸਕਦਾ ਹੈ। (ਹੋਰ ਜਾਣਕਾਰੀ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ।

### ਬੱਚਾ ਗੋਦ ਲੈਣ ਵਾਲੇ ਮਾਪਿਆਂ ਲਈ ਤਨਖ਼ਾਹ ਸਮੇਤ ਛੁੱਟੀ ਲੈਣ ਦਾ ਹੱਕ

ਬੱਚਾ ਗੋਦ ਲੈਣ ਵਾਲੇ ਮਾਪਿਆਂ ਲਈ ਤਨਖ਼ਾਹ ਸਮੇਤ ਛੁੱਟੀ ਲੈਣ ਦਾ ਹੱਕ ਲਾਗੂ ਕੀਤਾ ਜਾ ਰਿਹਾ ਹੈ। ਇਹ ਹੱਕ ਉਸ ਵਿਅਕਤੀ ਨੂੰ ਮਿਲੇਗਾ ਜੋ ਬੱਚਾ ਗੋਦ ਲਏ ਜਾਂ ਮਿਲ ਕੇ ਬੱਚਾ ਗੋਦ ਲੈਣ ਵਾਲੇ ਜੋੜੇ ਵਿਚੋਂ ਹੋਵੇ। ਜੋੜੇ ਦੇ ਦੂਸਰੇ ਮੈਂਬਰ ਨੂੰ, ਗੋਦ ਲੈਣ ਵਾਲੀ ਦੇ ਪਤੀ/ਸਾਥੀ ਲਈ ਪੈਟਰਨਿਟੀ ਛੁੱਟੀ ਅਤੇ ਤਨਖ਼ਾਹ ਲੈ ਸਕਣ ਦਾ ਹੱਕ ਵੀ ਸ਼ੁਰੂ ਕੀਤਾ ਜਾ ਰਿਹਾ ਹੈ। ਜਿਨ੍ਹਾਂ ਕਰਮਚਾਰੀਆਂ ਦੇ ਬੱਚੇ 6 ਅਪ੍ਰੈਲ 2003 ਨੂੰ ਜਾਂ ਇਸ ਤੋਂ ਬਾਅਦ ਆਉਣਗੇ, ਉਨ੍ਹਾਂ ਨੂੰ ਬੱਚਾ ਗੋਦ ਲੈਣ ਅਤੇ ਪੈਟਰਨਿਟੀ ਛੁੱਟੀ ਅਤੇ ਤਨਖ਼ਾਹ ਲੈਣ ਦੇ ਹੱਕਾਂ ਦਾ ਫ਼ਾਇਦਾ ਹੋਏਗਾ।

ਮੁੱਢਲੀ ਜਾਣਕਾਰੀ ਇਸ ਪਰਚੇ *Adoptive parents - rights to leave and pay* (URN 02/1099) ਵਿਚ ਦਿੱਤੀ ਗਈ ਹੈ ਜੋ ਇਸ ਵੈੱਬਸਾਈਟ *www.dti.gov.uk/er/individual/adopt-pl515.htm* ਤੇ ਪੜ੍ਹਿਆ ਜਾ ਸਕਦਾ ਹੈ ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰ ਲਾਈਨ ਤੋਂ ਮੰਗਵਾਇਆ ਜਾ ਸਕਦਾ ਹੈ। (ਹੋਰ ਜਾਣਕਾਰੀ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ।

**ਪੇਰੈਂਟਲ ਲੀਵ ਅਤੇ ਨਿਰਭਰ ਲੋਕਾਂ ਦੀ ਦੇਖਭਾਲ ਲਈ ਕੰਮ ਤੋਂ ਸਮਾਂ ਕੱਢਣ ਦਾ ਹੱਕ**

ਕਰਮਚਾਰੀ - ਮਾਤਾ ਅਤੇ ਪਿਤਾ ਦੋਵੇਂ - ਜਿਨ੍ਹਾਂ ਨੇ ਇਕ ਸਾਲ ਕੰਮ ਕੀਤਾ ਹੋਵੇ, ਉਨ੍ਹਾਂ ਨੂੰ ਆਪਣੇ ਬੱਚੇ ਦੀ ਦੇਖਭਾਲ ਲਈ 13 ਹਫ਼ਤਿਆਂ (ਬਿਨਾ ਤਨਖ਼ਾਹ) ਤਕ ਪੇਰੈਂਟਲ ਲੀਵ ਲੈਣ ਦਾ ਹੱਕ ਹੋਏਗਾ। ਇਹ ਛੁੱਟੀ ਬੱਚੇ ਦੇ ਜਨਮ ਦਿਨ ਤੋਂ ਬਾਅਦ 5 ਸਾਲਾਂ ਤਕ ਜਾਂ ਬੱਚਾ ਗੋਦ ਲੈਣ ਤੋਂ ਬਾਅਦ ਪੰਜ ਸਾਲਾਂ (ਜਾਂ 18ਵੇਂ ਜਨਮ ਦਿਨ, ਜੇ ਇਹ ਪਹਿਲਾਂ ਆਵੇ) ਤਕ ਲਈ ਜਾ ਸਕਦੀ ਹੈ।

ਨਿਰਯੋਗ ਬੱਚਿਆਂ ਦੇ ਮਾਪੇ ਬੱਚੇ ਦੇ 18ਵੇਂ ਜਨਮ ਦਿਨ ਤਕ 18 ਹਫ਼ਤਿਆਂ ਤਕ ਦੀ ਪੇਰੈਂਟਲ ਲੀਵ ਲੈ ਸਕਦੇ ਹਨ। (ਪਹਿਲਾਂ ਇਹ ਛੁੱਟੀ ਸਿਰਫ਼ 13 ਹਫ਼ਤੇ ਹੁੰਦੀ ਸੀ), ਬਸ਼ਰਤਿ ਉਨ੍ਹਾਂ ਨੇ ਇਹਦੇ ਹੱਕਦਾਰ ਬਨਣ ਜਿੰਨਾ ਕੰਮ ਕੀਤਾ ਹੋਵੇ।

ਸਭ ਕਰਮਚਾਰੀਆਂ ਨੂੰ ਕਿਸੇ ਨਿਰਭਰ ਵਿਅਕਤੀ ਨਾਲ ਕੋਈ ਅਚਾਨਕ ਜਾਂ ਹੰਗਾਮੀ ਹਾਲਤ ਵਿਚ ਘੱਟਣ ਵਾਲੀ ਘਟਨਾ ਨਾਲ ਨਿਪਟਣ ਲਈ ਕੰਮ ਤੋਂ ਛੁੱਟੀ (ਬਿਨਾਂ ਤਨਖ਼ਾਹ) ਲੈਣ ਦਾ ਹੱਕ ਹੈ।

ਪੇਰੈਂਟਲ ਲੀਵ ਦੇ ਹੱਕਾਂ (*Parental leave* (PL509)) ਬਾਰੇ ਪੂਰੀ ਜਾਣਕਾਰੀ ਇਸ ਵੈੱਬਸਾਈਟ ਤੋਂ www.dti.gov.uk/er/individual/parental.pdf ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰ ਲਾਈਨ ਤੋਂ ਮਿਲ ਸਕਦੀ ਹੈ।

*ਨਿਰਭਰ ਲੋਕਾਂ ਦੀ ਦੇਖਭਾਲ ਕਰਨ ਲਈ ਕੰਮ ਤੋਂ ਟਾਈਮ ਕੱਢਣਾ* (*Time off for dependants* (URN 99/1186) ਕਰਨ ਬਾਰੇ ਜਾਣਕਾਰੀ ਇਸ ਵੈੱਬਸਾਈਟ ਤੋਂ:
www.dti.gov.uk/er//time_off_deps.htm ਜਾਂ ਡੀ ਟੀ ਆਈ ਪਬਲੀਕੇਸ਼ਨਜ਼ ਆਰਡਰ ਲਾਈਨ ਤੋਂ ਮਿਲ ਸਕਦੀ ਹੈ। (ਹੋਰ ਜਾਣਕਾਰੀ 'ਵਧੇਰੇ ਜਾਣਕਾਰੀ' ਵਾਲੇ ਹਿੱਸੇ ਵਿਚ ਦਿੱਤੀ ਗਈ ਹੈ।

## ਵਧੇਰੇ ਜਾਣਕਾਰੀ

- ਪੈਟਰਨਿਟੀ ਅਤੇ ਮੈਟਰਨਿਟੀ ਲੀਵ ਅਤੇ ਤਨਖ਼ਾਹ ਬਾਰੇ ਜਾਣਕਾਰੀ ਲੈਣ ਲਈ ਰੁਜ਼ਗਾਰਦਾਤੇ ਅਤੇ ਕਰਮਚਾਰੀ ਦੋਨੋਂ ਡੀ ਟੀ ਆਈ ਦੀ ਇਹ ਇੰਟਰਐਕਟਿਵ ਗ਼ਾਈਡੈਂਸ ਸਾਈਟ (*www.tiger.gov.uk*) ਦੇਖ ਸਕਦੇ ਹਨ।

- ਇਸ ਪਰਚੇ ਵਿਚ ਜਾਣਕਾਰੀ ਦੇਣ ਵਾਲੇ ਜਿਨ੍ਹਾਂ ਕਿਤਾਬਚਿਆਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਡੀ ਟੀ ਆਈ ਪਬਲੀਕੇਸਨਜ਼ ਆਰਡਰ ਲਾਈਨ ਨੂੰ ਨੰਬਰ 0870 1502 500 'ਤੇ ਫ਼ੋਨ ਕਰਕੇ ਜਾਂ ਇਸ ਇੰਟਰਨੈੱਟ ਦੇ ਪਤੇ *www.dti.gov.uk/publications* 'ਤੇ ਆਰਡਰ ਕਰਕੇ ਮੰਗਵਾਏ ਜਾ ਸਕਦੇ ਹਨ।

- ਕੰਮ ਦੇਣ ਵਾਲੇ ਐੱਸ ਐਮ ਪੀ (SMP) ਬਾਰੇ ਵਧੇਰੇ ਜਾਣਕਾਰੀ ਇੰਨਲੈਂਡ ਰੈਵੇਨਿਊ ਦੀ ਇਸ ਵੈੱਬਸਾਈਟ (*www.inlandrevenue.gov.uk/employers*) ਤੋਂ ਲੈ ਸਕਦੇ ਹਨ। ਵਾਧੂ ਜਾਣਕਾਰੀ ਲਈ ਉਹ ਐਂਪਲਾਇਰਜ਼ ਹੈਲਪਲਾਈਨ ਨੂੰ ਨੰਬਰ 0845 714 3143 'ਤੇ ਵੀ ਫ਼ੋਨ ਕਰ ਸਕਦੇ ਹਨ।

- ਰੁਜ਼ਗਾਰ ਨਾਲ ਸੰਬੰਧਤ ਕਾਨੂੰਨੀ ਮਸਲਿਆਂ ਅਤੇ ਹੱਕਾਂ ਬਾਰੇ, ਅਤੇ ਵਧੀਆ ਕੰਮ ਕਾਜ ਬਾਰੇ ਜਾਣਕਾਰੀ ਏਕਾਸ (ACAS) ਦੀ ਵੈੱਬਸਾਈਟ (www.acas.org.uk) ਤੋਂ ਜਾਂ ਨੈਸ਼ਨਲ ਹੈਲਪ ਲਾਈਨ ਨੂੰ ਨੰਬਰ 08457 47 47 47 'ਤੇ ਫ਼ੋਨ ਕਰਕੇ ਵੀ ਲਈ ਜਾ ਸਕਦੀ ਹੈ।

- ਛੋਟੇ ਕਾਰੋਬਾਰ ਆਪਣੇ ਆਪ ਨੂੰ ਨੌਕਰੀਆਂ ਨਾਲ ਸੰਬੰਧਤ ਕਾਨੂੰਨਾਂ ਬਾਰੇ ਤਾਜ਼ੀ ਜਾਣਕਾਰੀ ਲੈਣ ਲਈ ਇਸ ਵੈੱਬਸਾਈਟ *www.businesslink.org* 'ਤੇ ਰਜਿਸਟਰ ਕਰਵਾ ਸਕਦੇ ਹਨ। ਇਨ੍ਹਾਂ ਕਾਰੋਬਾਰਾਂ ਦੀ ਮੱਦਦ ਲਈ ਹੋਰ ਵੀ ਕਈ ਕਿਸਮ ਦੀ ਜਾਣਕਾਰੀ ਮਿਲ ਸਕਦੀ ਹੈ।

- ਕੰਮਾਂ ਤੇ ਨੌਕਰੀਆਂ ਨਾਲ ਸੰਬੰਧਤ ਕਾਨੂੰਨਾਂ ਦੇ ਸਭ ਪਹਿਲੂਆਂ ਬਾਰੇ ਜਾਣਕਾਰੀ ਆਮ ਤੌਰ 'ਤੇ ਅਕਾਊਂਟੈਂਟਾਂ, ਸਿਟੀਜ਼ਨਜ਼ ਅਡਵਾਈਸ ਬਿਊਰੋ, ਕੰਮ ਕਾਜ ਦੇਣ ਵਾਲਿਆਂ ਦੀਆਂ ਸੰਸਥਾਵਾਂ, ਕਾਨੂੰਨੀ ਸਲਾਹਕਾਰਾਂ, ਲੋ ਪੇਅ ਯੂਨਿਟਾਂ, ਟ੍ਰੇਡ ਯੂਨੀਅਨਾਂ ਅਤੇ ਕਈ ਪ੍ਰਕਾਰ ਦੀਆਂ ਪ੍ਰਾਈਵੇਟ ਅਤੇ ਵਾਲੰਟਰੀ ਜਥੇਵੰਦੀਆਂ ਤੋਂ ਵੀ ਮਿਲ ਸਕਦੀ ਹੈ।